ਨਿਊਜ਼ ਰਲੀਜ਼

# ‘ਅਲਬਰਟਾ ਇਜ਼ ਕਾਲਿੰਗ’ ਫੇਜ਼ 2 ਲੌਂਚ ਹੋਇਆ

21 ਸਤੰਬਰ, 2022

## ਅਲਬਰਟਾ ਵਿੱਚ ਆਰਥਿਕ ਵਿਕਾਸ ਨੂੰ ਬਰਕਰਾਰ ਰੱਖਣ ਵਾਸਤੇ ਪ੍ਰਤਿਭਾ ਨੂੰ ਆਕਰਸ਼ਤ ਕਰਨ ਲਈ ‘ਅਲਬਰਟਾ ਇਜ਼ ਕਾਲਿੰਗ’ (ਅਲਬਰਟਾ ਬੁਲਾ ਰਿਹਾ ਹੈ) ਵਿਗਿਆਪਨ ਕੈਂਪੇਨ ਨੇ ਟਰਾਂਟੋ ਅਤੇ ਵੈਨਕੂਵਰ ਵਿੱਚ ਆਪਣਾ ਦੂਸਰਾ ਫੇਜ਼ ਲੌਂਚ ਕਰ ਦਿੱਤਾ ਹੈ।

ਇਸ ਕੈਂਪੇਨ ਦਾ ਨਿਸ਼ਾਨਾ ਅਲਬਰਟਾ ਵੱਲੋਂ ਮੁਹੱਈਆ ਕੀਤੇ ਜਾਣ ਵਾਲ਼ੇ ਬਹੁਤ ਸਾਰੇ ਜੀਵਨ-ਢੰਗ, ਰੋਜ਼ਗਾਰ ਅਤੇ ਸਸਤੇ ਰਹਿਣ-ਸਹਿਣ ਦੇ ਖਰਚਾਂ ਦੇ ਫਾਇਦਿਆਂ --- ਜਿਨ੍ਹਾਂ ਵਿੱਚ ਵੱਧ ਤਨਖਾਹਾਂ, ਘੱਟ ਸਫ਼ਰ, ਰੋਜ਼ਗਾਰ ਦੇ ਮੌਕੇ ਅਤੇ ਘੱਟ ਖਰਚ `ਤੇ ਘਰ ਦੀ ਮਾਲਕੀ ਸ਼ਾਮਿਲ ਹੈ --- ਨੂੰ ਉਜਾਗਰ ਕਰਕੇ ਵਰਕਰਾਂ ਨੂੰ ਅਲਬਰਟਾ ਵਿੱਚ ਵੱਸਣ ਲਈ ਆਕਰਸ਼ਤ ਕਰਨਾ ਹੈ। ਇਹ ਮੱਧ-ਅਗਸਤ ਵਿੱਚ ਡਿਜੀਟਲ, ਸੋਸ਼ਲ ਮੀਡੀਆ ਅਤੇ ਰੇਡੀਓ `ਤੇ ਐਡਾਂ ਰਾਹੀਂ ਗਰੇਟਰ ਟਰਾਂਟੋ ਏਰੀਏ ਅਤੇ ਲੋਅਰ ਮੇਨਲੈਂਡ ਵਿੱਚ ਲੌਂਚ ਕੀਤਾ ਗਿਆ ਹੈ।

ਫੇਜ਼ 2 ਵਿੱਚ ਵੱਧ ਪ੍ਰਭਾਵ ਵਾਲੇ ਕੁੱਝ ਵੱਖਰੇ ਤਰੀਕੇ ਸ਼ਾਮਿਲ ਹਨ, ਜਿਨ੍ਹਾਂ ਵਿੱਚ ਵੈਨਕੂਵਰ ਵਿੱਚ ਅਖ਼ਬਾਰਾਂ ਦੇ ਰੈਪ (Wrap) ਅਤੇ ਬਿਲਬੋਰਡ ਅਤੇ ਟਰਾਂਟੋ ਵਿੱਚ ਸਮੁੱਚੇ ਯੰਗ ਅਤੇ ਬਲੂਰ ਟੀਟੀਸੀ ਸਟੇਸ਼ਨ ਨੂੰ ਇੱਕ ਮਹੀਨੇ ਲਈ ਵਰਤਣਾ ਹੈ।

*“ਅਲਬਰਟਾ ਇਜ਼ ਕਾਲਿੰਗ’* ਦੇ ਪਹਿਲੇ ਫੇਜ਼ ਨੂੰ ਮਿਲ਼ੇ ਹੁੰਗਾਰੇ ਤੋਂ ਅਸੀਂ ਬਹੁਤ ਖੁਸ਼ ਹਾਂ। ਕੈਂਪੇਨ ਵੇਬਸਾਈਟ ਵਿੱਚ ਮਿਸਾਲੀ ਰੁਚੀ ਅਤੇ ਸਾਡੇ ਸਾਰੇ ਮੀਡੀਆ ਚੈਨਲਾਂ ਵਿੱਚ ਸ਼ਮੂਲੀਅਤ ਇਹ ਗੱਲ ਸਾਬਤ ਕਰਦੀ ਹੈ ਕਿ ਕੈਨੇਡੀਅਨਾਂ `ਤੇ ਕੈਂਪੇਨ ਦਾ ਅਸਰ ਹੋ ਰਿਹਾ ਹੈ। ਉਹ ਸਪਸ਼ਟ ਰੂਪ ਵਿੱਚ ਅਲਬਰਟਾ ਵਿਚਲੇ ਜੀਵਨ ਦੇ ਮੁਨਾਫ਼ਿਆਂ ਨੂੰ ਵੇਖ ਰਹੇ ਹਨ ਅਤੇ ਉਹ ਇਸ ਬਾਰੇ ਹੋਰ ਜਾਨਣਾ ਚਾਹੁੰਦੇ ਹਨ।“

*ਜੇਸਨ ਕੈਨੀ, ਪ੍ਰੀਮੀਅਰ*

'ਅਲਬਰਟਾ ਇਜ਼ ਕਾਲਿੰਗ' ਕੈਂਪੇਨ ਦਾ ਕੁੱਲ੍ਹ ਖਰਚ 2.5 ਮਿਲੀਅਨ ਡਾਲਰ ਹੋਵੇਗਾ।

## ਅਹਿਮ ਤੱਥ:

- 100,000 ਖੁੱਲ੍ਹੀਆਂ ਪਈਆਂ ਨੌਕਰੀਆਂ ਕਾਰਨ ਖਾਲੀ ਅਸਾਮੀਆਂ ਦੀ ਦਰ ਬਹੁਤ ਉੱਚੀ ਹੈ।
- ਅਲਬਰਟਾ ਦੇ 78 ਪ੍ਰਤੀਸ਼ਤ ਕਾਰੋਬਾਰ ਰੀਪੋਰਟ ਕਰ ਰਹੇ ਹਨ ਕਿ ਵਰਕਰਾਂ ਦੀ ਘਾਟ ਉਨ੍ਹਾਂ ਦੀ ਉਤਪਾਦਨ ਦੀ ਮੰਗ ਪੂਰੀ ਕਰਨ ਦੀ ਯੋਗਤਾ ਨੂੰ ਸੀਮਤ ਕਰ ਰਹੀ ਹੈ।
- ਸਾਲ 2022 ਵਿੱਚ ਅਲਬਰਟਾ ਨੇ ਪੂਰੇ ਦੇਸ਼ `ਚੋਂ ਸਭ ਤੋਂ ਵੱਧ ਰੋਜ਼ਗਾਰ ਵਿਕਾਸ ਦੀ ਦਰ ਹਾਸਲ ਕੀਤੀ ਹੈ।
  - ਦਿਸੰਬਰ 2021 ਅਤੇ ਅਗਸਤ 2022 ਦਰਮਿਆਨ ਉੰਟਾਰੀਓ ਵਿੱਚ 28,600 ਅਤੇ ਬ੍ਰਿਟਿਸ਼ ਕੋਲੰਬੀਆਂ ਵਿੱਚ ਹੋਏ 17,300 ਰੋਜ਼ਗਾਰ ਵਾਧੇ ਦੇ ਮੁਕਾਬਲੇ ਅਲਬਰਟਾ ਵਿੱਚ 61,700 ਰੋਜ਼ਗਾਰਾਂ ਦਾ ਵਾਧਾ ਹੋਇਆ।
- ਸਾਰੇ ਸੂਬਿਆਂ ਦੇ ਮੁਕਾਬਲੇ ਅਲਬਰਟਾ ਵਿਚਲੇ ਵਰਕਰ ਸਭ ਤੋਂ ਵੱਧ ਆਮਦਨ ਹਾਸਿਲ ਕਰ ਰਹੇ ਹਨ।
  - ਅਲਬਰਾਟਾ ਦੀ $1,245 ਦੀ ਔਸਤਨ ਤਨਖ਼ਾਹ (ਜੂਨ 2022) ਦੇਸ਼ ਭਰ `ਚ ਸਭ ਤੋਂ ਵੱਧ ਹੈ (ਉਂਟਾਰੀਓ ਵਿੱਚ ਦੂਸਰੇ ਨੰਬਰ ਦੀ ($1,186) ਅਤੇ ਬੀ.ਸੀ. ਵਿੱਚ ਤੀਸਰੇ ਨੰਬਰ `ਤੇ ($1,160)
- ਟੋਰਾਂਟੋ ਅਤੇ ਵੈਨਕੂਵਰ ਦੇ ਮੁਕਾਬਲੇ ਅਲਬਰਟਾ ਵਿੱਚ ਰਹਿਣ ਦੇ ਖਰਚ ਘੱਟ ਹਨ।
  - ਮਾਰਚ 2022 ਵਿੱਚ ਰਲੀਜ਼ ਕੀਤੀ ਗਈ ਡੈਮੋਗ੍ਰਾਫੀਆ ਇੰਟਰਨੇਸ਼ਨਲ ਹਾਊਸਿੰਗ ਅਫੋਰਡੇਬਿਲਿਟੀ ਸਟੱਡੀ ਵਿੱਚ ਐਡਮੰਟਨ ਅਤੇ ਕੈਲਗਰੀ ਨੂੰ ਦੁਨੀਆ  ਦੇ 92 ਮਹਾਂਨਗਰਾਂ ਦੇ ਮੁਕਾਬਲੇ ਸਭ ਤੋਂ ਵੱਧ ਅਫੋਰਡੇਬਲ 10 ਸ਼ਹਿਰਾਂ ਵਿੱਚ ਸ਼ਾਮਲ ਕੀਤਾ ਗਿਆ।
    - ਕੈਲਗਰੀ ਵਿੱਚ ਘਰ ਦੀ ਔਸਤਨ ਕੀਮਤ $484,000 ਸੀ --- ਗਰੇਟਰ ਵੈਨਕੂਵਰ ਵਿਚਲੇ ਘਰਾਂ ਦੀ ਕੀਮਤ ਦੇ ਮੁਕਾਬਲੇ 43% ਅਤੇ ਗਰੇਟਰ ਟਰਾਂਟੋ ਇਕਾਲੇ ਦੀਆਂ ਕੀਮਤਾਂ ਦੇ ਮੁਕਾਬਲੇ 48% ਸੀ।
  - ਕੈਨੇਡੀਅਨ ਮੌਰਗੇਜ ਐਂਡ ਹਾਊਸਿੰਗ ਕੌਰਪੋਰੇਸ਼ਨ ਵੱਲੋਂ ਫ਼ਰਵਰੀ 2021 `ਚ ਰਲੀਜ਼ ਕੀਤੀ ਗਈ ਰੈਂਟਲ ਮਾਰਕੀਟ ਰੀਪੋਰਟ ਤੋਂ ਪਤਾ ਲੱਗਦਾ ਹੈ ਕਿ ਅਲਬਰਟਾ ਵਿੱਚ ਘਰਾਂ ਦੇ ਕਿਰਾਏ ਵੱਧ ਅਫੋਰਡੇਬਲ ਹਨ। ਪਿਛਲੇ ਤਿੰਨ ਸਾਲਾਂ ਦੌਰਾਨ:
    - ਐਡਮੰਟਨ ਵਿੱਚ ਔਸਤਨ ਕਿਰਾਇਆ ਵੈਨਕੂਵਰ ਦੇ ਮੁਕਾਬਲੇ 71 ਪ੍ਰਤੀਸ਼ਤ ਅਤੇ ਟੋਰਾਂਟੋ ਦੇ ਮੁਕਾਬਲੇ 79 ਪ੍ਰਤੀਸ਼ਤ ਸੀ।

        - ਕੈਲਗਰੀ ਵਿੱਚ ਔਸਤਨ ਕਿਰਾਇਆ ਵੈਨਕੂਵਰ ਦੇ ਮੁਕਾਬਲੇ 74 ਪ੍ਰਤੀਸ਼ਤ ਅਤੇ ਟੋਰਾਂਟੋ ਦੇ ਮੁਕਾਬਲੇ 82 ਪ੍ਰਤੀਸ਼ਤ ਸੀ।
- ਅਲਬਰਟਾ ਵਿਚਲੇ ਪਰਿਵਾਰ ਆਮ ਤੌਰ `ਤੇ ਘੱਟ ਆਮਦਨ ਟੈਕਸ ਦਿੰਦੇ ਹਨ (ਸਾਲ 2022 ਵਿੱਚ ਪਰਿਵਾਰ ਦੀ ਸਾਲਾਨਾ ਆਮਦਨੀ $75,000, $150,000, $ਅਤੇ $300,000)
    - ਅਲਬਰਟਾ ਵਿੱਚ ਸੂਬਾਈ ਸੇਲਜ਼ ਟੈਕਸ, ਪੇਅਰੋਲ ਟੈਕਸ ਜਾਂ ਹੈਲਥ ਪਰੀਮੀਅਮ ਨਹੀਂ ਹੈ।
- ਐਡਮੰਟਨ ਅਤੇ ਕੈਲਗਰੀ ਵਿੱਚ ਲੋਕ ਕੰਮਾਂ `ਤੇ ਆਉਣ ਜਾਣ ਵਿੱਚ ਘੱਟ ਸਮਾਂ ਬਤੀਤ ਕਰਦੇ ਹਨ।
- 2022 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਦੂਸਰੇ ਸੂਬਿਆਂ ਤੋਂ ਆ ਕੇ ਵੱਸੇ ਲੋਕਾਂ ਦੀ ਗਿਣਤੀ ਵਿੱਚ 5,351 ਲੋਕਾਂ ਦਾ ਵਾਧਾ ਹੋਇਆ, ਜੋ ਕਿ ਸਭ ਤੋਂ ਵੱਧ ਅੰਤਰ-ਸੂਬਾਈ ਆਵਾਸ ਹੈ।
    - ਹਾਲ ਹੀ ਵਿੱਚ ਇਕਨੌਮਿਕ ਇੰਟੈਲੀਜੈਂਸ ਯੂਨਿਟ ਦੀ ਰੈਂਕਿੰਗ ਵੱਲੋਂ ਕੈਲਗਰੀ ਨੂੰ ਦੁਨੀਆਂ ਦਾ ਤੀਸਰੇ ਨੰਬਰ ਦਾ ਸਭ ਤੋਂ ਵੱਧ ਰਹਿਣਯੋਗ ਸ਼ਹਿਰ ਐਲਾਨਿਆ ਗਿਆ ਹੈ।

## ਸਬੰਧਤ ਜਾਣਕਾਰੀ

- ਅਲਬਰਟਾ ਇਜ਼ ਕਾਲਿੰਗ
- ਅਫੋਰਡੇਬਿਲਿਟੀ ਪ੍ਰੋਗਰਾਮ